

# 4 ਆਓ ਸੰਖਿਆ 10 ਬਣਾਈਏ

0124CH04

## ਬਿੰਦੀਆਂ ਵਾਲ਼ੀ ਭੂੰਡੀ



ਕੀ ਤੁਸੀਂ ਇੱਕ ਬਿੰਦੀਆਂ ਵਾਲ਼ੀ ਭੂੰਡੀ ਨੂੰ ਦੇਖਿਆ ਹੈ ?

ਉਸ ਦੇ ਸਰੀਰ 'ਤੇ ਬਹੁਤ ਸਾਰੀਆਂ ਬਿੰਦੀਆਂ ਹੁੰਦੀਆਂ ਹਨ।

ਕੀ ਤੁਸੀਂ ਕਦੇ ਇਹਨਾਂ ਬਿੰਦੀਆਂ 'ਤੇ ਧਿਆਨ ਦਿੱਤਾ ਹੈ ?

A. ਹਰੇਕ ਭੂੰਡੀ 'ਤੇ ਬਿੰਦੀਆਂ ਦੀ ਗਿਣਤੀ ਨੂੰ ਲਿਖੋ।









B. ਇਮਲੀ ਦੇ ਬੀਜਾਂ, ਕੰਕਰਾਂ, ਬਟਨਾਂ, ਬਿੰਦੀਆਂ ਆਦਿ ਵਰਗੀਆਂ ਵਸਤੂਆਂ ਨਾਲ਼ ਕੁਝ ਬਿੰਦੀਆਂ ਦੇ ਡਿਜ਼ਾਈਨ ਬਣਾਓ ਅਤੇ ਹਰੇਕ ਤਰਤੀਬ ਵਿੱਚ ਬਿੰਦੀਆਂ ਦੀ ਗਿਣਤੀ ਦੀ ਪਛਾਣ ਕਰੋ।



© NCERT not to be republished

C. ਲਾਲ ਬਿੰਦੀਆਂ ਦੀ ਤਰਤੀਬ ਦੁਆਰਾ ਬਣੀਆਂ ਸੰਖਿਆਵਾਂ ਦੀ ਪਛਾਣ ਕਰੋ ਅਤੇ ਲਿਖੋ





## ਆਓ ਖੇਡੀਏ

D. ਆਪਣੇ ਦੋਸਤ ਨਾਲ਼ ਖੇਡੋ. ਪਾਸੇ ਨੂੰ ਘੁਮਾਓ ਤੇ ਸੁੱਟੋ ਅਤੇ ਤੁਹਾਡੇ ਪਾਸੇ ‘ਤੇ ਜੰਿਨੀਆਂ ਬਿੰਦੀਆਂ ਆਉਦੀਆਂ ਹਨ, ਉਸ ਦੇ ਸਮਾਨ ਬਿੰਦੀਆਂ ਵਾਲ਼ੇ ਖਾਨਿਆਂ ਵੱਚਿ ਰੰਗ ਭਰੋ । ਇਸੇ ਤਰਾਂ ਆਪਣੇ ਦੋਸਤ ਨੂੰ ਖੇਡਣ ਦੀ ਵਾਰੀ ਦਓਿ ਅਤੇ ਪਾਸਾ ਦੁਬਾਰਾ ਘੁਮਾਓ ਤੇ ਸੁੱਟੋ ।.



ਇੱਕ ਰੰਗ ਚੁਣੋ ਅਤੇ
ਇਸ ਨੂੰ ਹੇਠਾਂ ਦੱਤਿ ਖਾਨੇ ਵੱਚਿ ਭਰੋ।

ਮੇਰਾ ਰੰਗ ☐

ਦੋਸਤ ਦਾ ਰੰਗ ☐



ਗਿਣਤੀ ਵਿੱਚ ਜਿਸ ਬੱਚੇ ਦੇ ਖਾਨੇ ਜ਼ਿਆਦਾ ਰੰਗਦਾਰ ਹੋਣਗੇ, ਉਹ ਜਿਤੇਗਾ।

ਬਿੰਦੀ ਅਤੇ ਰੰਗ ਦੇ ਫਲੈਸ਼ ਕਾਰਡਾਂ ਦੀ ਵਰਤੋਂ ਕਰੋ ਤਾਂ ਜੋ ਬੱਚਿਆਂ ਨੂੰ ਗਣਿਨ ਤੋਂ ਬਨਿਾਂ ਸੰਖਿਆਵਾਂ ਦੀ ਤੁਰੰਤ ਪਛਾਣ ਪ੍ਰਾਪਤ ਕਰਨ ਵੱਚਿ ਮਦਦ ਕੀਤੀ ਜਾ ਸਕੇ । ਇਸ ਨੂੰ ਉਪੀਕਰਨ ਕਹਿਾ ਜਾਂਦਾ ਹੈ । ਲੋੜ ਅਨੁਸਾਰ ਵੱਖ-ਵੱਖ ਡਜ਼ਿਾਈਨਾਂ ਅਤੇ ਆਕਾਰਾਂ ਵੱਚਿ 1 ਤੋਂ 9 ਨੰਬਰਾਂ ਦੇ ਡਾਟ ਪੈਟਰਨ ਵਾਲ਼ੇ ਹੋਰ ਕਾਰਡ ਬਣਾਓ ।



© NCERT not to be republished

## ਟੁੱਟਦੇ ਬਟਨ

ਗੋਲਾ ਬਾਂਦਰ ਚਾਰ ਬਟਨਾਂ ਵਾਲੀ ਆਪਣੀ ਮਨਪਸੰਦ ਕਮੀਜ਼ ਪਹਿਨਦਾ ਹੈ । ਉਹ ਬਾਗ਼ ਵਿੱਚ ਗਿਆ ਅਤੇ ਬਹੁਤ ਸਾਰੇ ਕੇਲੇ ਖਾ ਲਏ ਕਿਉਂਕਿ ਉਹ ਕੇਲਿਆਂ ਦਾ ਬਹੁਤ ਦਾ ਸ਼ੌਕੀਨ ਸੀ । ਤੁਹਾਡੇ ਖ਼ਿਆਲ ਵਿਚ ਫਿਰ ਕੀ ਹੋਇਆ ?

ਉਸ ਦੀ ਕਮੀਜ਼ ਦਾ ਇੱਕ ਬਟਨ ਟੁੱਟ ਗਿਆ ਪਰ ਉਸ ਨੇ ਕੇਲੇ ਖਾਣੇ ਨਹੀਂ ਛੱਡੇ, ਜਿਸ ਕਰਕੇ ਉਸ ਦੀ ਕਮੀਜ਼ ਦੇ ਸਾਰੇ ਬਟਨ ਇੱਕ-ਇੱਕ ਕਰਕੇ ਟੁੱਟਦੇ ਗਏ ।



ਚਾਰ

☐ ਬਟਨ



ਤਿੰਨ

☐ ਬਟਨ



ਦੋ

☐ ਬਟਨ



ਇੱਕ

☐ ਬਟਨ



ਇੱਕ

0 ਬਟਨ

ਹੁਣ ਅੰਤ ਵਿੱਚ ਕਮੀਜ਼ 'ਤੇ ਬਚੇ ਬਟਨਾਂ ਦੀ ਸੰਖਿਆ 'ਤੇ ਚਰਚਾ ਕਰੋ । ਬੱਚਿਆਂ ਨੂੰ ਵਸਤੂਆਂ, ਉਹਨਾਂ ਦੇ ਆਲ਼ੇ-ਦੁਆਲ਼ੇ ਦੀਆਂ ਚੀਜ਼ਾਂ ਦੇ ਨਾਮ ਦੱਸਣ ਲਈ ਕਹੋ ਜਿਹਨਾਂ ਦੀ ਸੰਖਿਆ ਜ਼ੀਰੋ ਹੈ । ਬੱਚਿਆਂ ਨੂੰ ਇਹ ਸਮਝਣ ਦਿਓ ਕਿ ਜ਼ੀਰੋ ਵੀ ਇੱਕ ਸੰਖਿਆ ਹੈ ਜਿਵੇਂ ਇੱਕ, ਦੋ ਅਤੇ ਹੋਰ ਸੰਖਿਆਵਾਂ । ਸੰਤੁਲਿਤ ਖ਼ੁਰਾਕ ਦੇ ਲਾਭਾਂ ਅਤੇ ਜ਼ਿਆਦਾ ਖਾਣ ਦੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਨਾਲ਼ ਚਰਚਾ ਕਰੋ।



© NCERT not to be republished

ਰੁੱਖ ਦੀ ਟਾਹਣੀ 'ਤੇ ਬੈਠੇ ਪੰਛੀਆਂ ਦੀ ਗਣਿਤੀ ਲਿਖੋ।



## ਸਿਫ਼ਰ '0' ਲਿਖੋ



## ਸੋਚੋ ਅਤੇ ਦੱਸੋ

A. ਤੁਸੀਂ ਰਾਤ ਨੂੰ ਕਿੰਨੇ ਸੂਰਜ ਦੇਖਦੇ ਹੋ ?

B. ਤੁਸੀਂ ਦੁਪਹਿਰ ਨੂੰ ਕਿੰਨੇ ਚੰਨ ਦੇਖਦੇ ਹੋ ?

ਹਰ ਵਾਰ ਇੱਕ ਵਸਤੂ ਨੂੰ ਘਟਾ ਕੇ ਜ਼ੀਰੋ ਦੇ ਮੁੱਲ ਨੂੰ ਪ੍ਰਦਰਸ਼ਿਤ ਕਰਨ ਲਈ ਠੋਸ ਵਸਤੂਆਂ ਦੀ ਵਰਤੋਂ ਕਰੋ। ਉਹਨਾਂ ਸਥਿਤੀਆਂ 'ਤੇ ਚਰਚਾ ਕਰੋ, ਜਿੱਥੇ ਕੋਈ ਚੀਜ਼ ਗ਼ੈਰ-ਹਾਜ਼ਰ ਹੈ ਅਤੇ ਉਸ ਦੀ ਗਿਣਤੀ ਨੂੰ 'ਜ਼ੀਰੋ' ਕਿਹਾ ਜਾਂਦਾ ਹੈ ਜਿਵੇਂ ਕਿ ਜਮਾਤ ਵਿੱਚ '0' ਬੱਸਾਂ ਹਨ। ਬੱਚਿਆਂ ਨੂੰ ਸ਼ੁਰੂ ਵਿੱਚ 5 ਤੋਂ 0 ਅਤੇ ਬਾਅਦ ਵਿੱਚ 9 ਤੋਂ 0 ਤੱਕ ਉਲਟੀ ਗਿਣਤੀ ਗਿਣਨ ਲਈ ਉਤਸ਼ਾਹਿਤ ਕਰੋ।

© NCERT not to be republished

## ਦਸਵਾਂ ਜਨਮ-ਦਨਿ

ਇਹ ਆਸਥਾ ਦਾ ਦਸਵਾਂ ਜਨਮ-ਦਨਿ ਹੈ । ਉਸ ਦੇ ਪਤਿਾ ਜੀ ਨੇ ਉਸ ਦੇ ਲਈ ਹਲਵਾ ਤਅਿਾਰ ਕੀਤਾ । ਉਹ ਆਪਣੇ ਦੋਸਤਾਂ ਨਾਲ਼ ਜਨਮ-ਦਨਿ ਮਨਾ ਰਹੀ ਹੈ।.






ਮੈਂ 9 ਸਾਲ ਦੀ ਹਾਂ ਅਤੇ 1 ਹੋਰ ਸਾਲ ਬਾਅਦ, ਮੈਂ 10 ਸਾਲ ਦੀ ਹੋ ਜਾਵਾਂਗੀ ।
9 ਅਤੇ 1 ਹੋਰ 10 ਬਣਾਉਂਦੇ ਹਨ ।



ਉਸ ਨੇ ਆਪਣੇ ਜਨਮ ਦਿਨ ‘ਤੇ ______ ਦੀਵੇ ਜਗਾਏ ਹਨ ।

ਹੇਠਾਂ ਵਸਤੂਆਂ ਦੀ ਗਿਣਤੀ ਕਰੋ ਅਤੇ ਲਿਖੋ।







| ਮਣਕੇ | ਲੱਡੂ | ਮੋਮੀ ਰੰਗ | ਕੇਲੇ | ਪੱਤੇ |
|---|---|---|---|---|
| ☐ | ☐ | ☐ | ☐ | ☐ |

© NCERT not to be republished

## ਆਓ ਕਰੀਏ

A. 10 ਮਣਕਿਆਂ ਦੀ ਇੱਕ ਲੜੀ ਬਣਾਉਣ ਲਈ ਮਣਕਿਆਂ ਨੂੰ ਗਣੋ ਅਤੇ ਮਣਕੇ ਚਿਤਰੋ।

i.



ii.



iii.



iv.



B. ਦਸ ਬਟਨਾਂ ਦਾ ਫਰੇਮ ਬਣਾਉਣ ਲਈ ਬਟਨਾਂ ਦਾ ਚਿੱਤਰ ਬਣਾਉ ।

i.



ii.



iii.



iv.



© NCERT not to be republished

## ਦਲਿਚਸਪ 5 ਅਤੇ 10

ਪੈਟਰਨ ਦੀ ਪਾਲਣਾ ਕਰੋ ਅਤੇ ਡੰਡੀ ਦੁਆਰਾ ਵੰਡੀਆਂ ਗਈਆਂ ਸੰਖਿਆਵਾਂ ਦੇ ਜੋੜੇ ਬਣਾਉ।

| | |
|---|---|
|  | 1 ਅਤੇ 4 |
|  | ___ ਅਤੇ ___ |
|  | ___ ਅਤੇ ___ |
|  | ___ ਅਤੇ ___ |
|  | ___ ਅਤੇ ___ |



### ਆਓ ਖੇਡੀਏ

3 ਉਂਗਲਾਂ ਦਿਖਾਓ। ਤੁਹਾਡੇ ਦੋਸਤ ਨੂੰ ਇਸ ਨੂੰ 5 ਬਣਾਉਣ ਲਈ ਕੁਝ ਉਂਗਲਾਂ ਦਿਖਾਉਣੀਆਂ ਪੈਣਗੀਆਂ।




© NCERT not to be republished

## ਸੰਖਿਆ 10 ਦੇ ਜੋੜੇ

ਆਓ ਆਪਾਂ ਦੋਹਾਂ ਹੱਥਾਂ ਨਾਲ਼ ਉਂਗਲਾਂ ਦੀ ਖੇਡ ਖੇਡੀਏ । ਇੱਕ ਬੱਚਾ ਕੁਝ ਉਂਗਲਾਂ ਦਿਖਾਵੇਗਾ। ਦੂਜੇ ਬੱਚੇ ਨੇ ਉਸ ਦੀਆਂ ਬੰਦ ਉਂਗਲਾਂ ਦੇ ਬਰਾਬਰ ਉਂਗਲਾਂ ਦਿਖਾਉਣੀਆਂ ਹਨ।

ਦਿੱਤੀ ਤਰਤੀਬ (ਪੈਟਰਨ) ਅਨੁਸਾਰ ਸੰਖਿਆਵਾਂ ਦੇ ਜੋੜਿਆਂ ਨੂੰ ਦਿੱਤੇ ਗਏ ਟੇਬਲ ਵਿੱਚ ਲਿਖੋ।

| | | | |
|---|---|---|---|
|  |  | = |  |
| 1 | 9 | = | 10 |
|  |  | = |  |
| | | = | |
|  |  | = |  |
| | | = | |
|  |  | = |  |
| | | = | |
|  |  | = |  |
| | | = | |

© NCERT not to be republished



## ਆਓ ਤਾਸ਼ ਦੀ ਇੱਕ ਖੇਡ ਖੇਡੀਏ

### ਸੰਖਿਆ ਕਾਰਡ (0 ਤੋਂ 10 ਦੇ ਸੈੱਟ )

ਸਾਰੇ ਕਾਰਡ ਉਲਟੇ ਰੱਖੋ ਤਾਂ ਜੋ ਇਸ 'ਤੇ ਲਿਖੀ ਸੰਖਿਆ ਦਿਖਾਈ ਨਾ ਦੇਵੇ। ਇੱਕ ਬੱਚਾ ਇੱਕ ਕਾਰਡ ਚੁੱਕਦਾ ਹੈ ਅਤੇ ਇਸ ਨੂੰ ਸਿੱਧਾ ਕਰਕੇ ਰੱਖਦਾ ਹੈ। ਦੂਜਾ ਬੱਚਾ ਇੱਕ ਹੋਰ ਕਾਰਡ ਚੁੱਕਦਾ ਹੈ ਅਤੇ ਇਸ ਨੂੰ ਸਿੱਧਾ ਕਰਕੇ ਰੱਖਦਾ ਹੈ। ਜੇਕਰ ਤਾਸ਼ ਦਾ ਜੋੜਾ 10 ਬਣਾਉਂਦਾ ਹੈ ਤਾਂ ਦੂਜਾ ਬੱਚਾ ਦੋਵੇਂ ਕਾਰਡ ਚੁੱਕ ਲੈਂਦਾ ਹੈ ਅਤੇ ਇਸ ਤੋਂ ਬਾਦ ਫਿਰ ਪਹਿਲੇ ਬੱਚੇ ਦੀ ਵਾਰੀ ਆਵੇਗੀ ਜੋ ਫਿਰ ਇੱਕ ਕਾਰਡ ਚੁੱਕੇਗਾ ਅਤੇ ਇਹ ਖੇਡ ਇਸੇ ਤਰ੍ਹਾਂ ਚਲਦੀ ਰਹੇਗੀ।



## 20 ਤੱਕ ਗਣਿਤੀ

ਸਿਮਰਨ ਨਾਗਪੁਰ ਵਿੱਚ ਰਹਿੰਦੀ ਹੈ। ਉਹ ਸੰਤਰਿਆਂ ਦੀ ਪੈਕਿੰਗ ਵਿੱਚ ਆਪਣੇ ਪਿਤਾ ਦੀ ਮਦਦ ਕਰ ਰਹੀ ਹੈ। ਇੱਕ ਡੱਬੇ ਵਿੱਚ 10 ਸੰਤਰੇ ਆ ਸਕਦੇ ਹਨ । ਆਓ ਸੰਤਰੇ ਗਿਣੀਏ।

| | | |
|---|---|---|
|  | 10 | 10 ਦਸ |
|  | 10 ਅਤੇ 1 | 11 ਗਿਆਰਾਂ |
|  | 10 ਅਤੇ 2 | 12 ਬਾਰਾਂ |

© NCERT not to be republished

ਬੱਚਿਆਂ ਨੂੰ 5 ਅਤੇ 10 ਦੇ ਭਾਗਾਂ ਨੂੰ ਸਮਝਣ ਅਤੇ ਯਾਦ ਰੱਖਣ ਵਿੱਚ ਮਦਦ ਕਰਨ ਲਈ ਇੱਕ ਚਰਚਾ ਕਰੋ । ਉਦਾਹਰਨ ਲਈ 5 ਦੀ ਸੰਖਿਆ ਵੰਡ ਲਈ, ਜੇਕਰ ਅਧਿਆਪਕ 2 ਕਹਿੰਦਾ ਹੈ, ਤਾਂ ਬੱਚਾ ਜਵਾਬ ਵਿੱਚ 3 ਕਹੇ।

ਇਸੇ ਤਰ੍ਹਾਂ 10 ਦੀ ਸੰਖਿਆ ਵੰਡ ਲਈ ਜੇਕਰ ਅਧਿਆਪਕ 4 ਕਹਿੰਦਾ ਹੈ, ਤਾਂ ਬੱਚਾ ਜਵਾਬ ਵਿੱਚ 6 ਕਹੇਗਾ । ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚੇ 10 ਤੋਂ ਅੱਗੇ ਦੀ ਗਿਣਤੀ ਕਰਨਾ ਸ਼ੁਰੂ ਕਰਦੇ ਹਨ। ਉਹਨਾਂ ਨਾਲ਼ ਇਸ ਗੱਲ ਦੀ ਵੀ ਚਰਚਾ ਕਰੋ ਕਿ ਹਰ ਸੰਖਿਆ ਆਪਣੀ ਪਿਛਲੀ ਸੰਖਿਆ ਨਾਲੋਂ 1 ਵੱਧ ਹੁੰਦੀ ਹੈ।



| | | |
|---|---|---|
|  | 10 ਅਤੇ 3 | 13 ਤੇਰਾਂ |
|  | 10 ਅਤੇ 4 | 14 ਚੌਦਾਂ |
|  | 10 ਅਤੇ 5 | 15 ਪੰਦਰਾਂ |
|  | 10 ਅਤੇ 6 | 16 ਸੋਲ੍ਹਾਂ |
|  | 10 ਅਤੇ 7 | 17 ਸਤਾਰਾਂ |
|  | 10 ਅਤੇ 8 | 18 ਅਠਾਰਾਂ |
|  | 10 ਅਤੇ 9 | 19 ਉੱਨੀ |
|  | 10 ਅਤੇ 10 | 20 ਵੀਹ |

© NCERT not to be republished

11 ਤੋਂ 20 ਤੱਕ ਸੰਖਿਆਵਾਂ ਲਿਖੋ।

| **11** | **12** | **13** | **14** | **15** | **16** | **17** | **18** | **19** | **20** |
|---|---|---|---|---|---|---|---|---|---|
| | | | 14 | | | | | 19 | |
| | | | | | | 17 | | | |
| 11 | | | | | | | | | 20 |
| | | 13 | | | | | 18 | | |
| | | | | 15 | | | | | |
| | 12 | | | | | | | 19 | |

© NCERT not to be republished

ਬੱਚਿਆਂ ਨੂੰ ਦਸ ਦੇ ਸਮੂਹਾਂ ਅਤੇ ਇਕਾਈਆਂ ਦੀ ਵਰਤੋਂ ਕਰਕੇ 20 ਤੱਕ ਠੋਸ ਵਸਤੂਆਂ ਦੀ ਗਿਣਤੀ ਕਰਨ ਵਿੱਚ ਮਦਦ ਕਰੋ । ਉਹਨਾਂ ਨੂੰ ਮੁੱਠੀ ਭਰ ਬੀਜ ਜਾਂ ਬਟਨ 20 ਤੋਂ ਜਿਆਦਾ ਨਾ ਦਿਓ। ਉਹਨਾਂ ਨੂੰ ਪਹਿਲਾਂ ਸੰਖਿਆ ਦਾ ਅਨੁਮਾਨ ਲਗਾਉਣ ਲਈ ਕਹੋ, ਫਿਰ ਸਮੂਹ ਬਣਾ ਕੇ ਗਿਣਤੀ ਕਰਨ ਲਈ ਕਹੋ। ਬੱਚਿਆਂ ਨਾਲ ਗੱਲਬਾਤ ਕਰੋ ਕਿ ਕਿਸ ਦਾ ਅਨੁਮਾਨ ਬਿਲਕੁਲ ਸਹੀ ਜਾਂ ਅੰਦਾਜ਼ਾ ਕਿੰਨਾ ਨੇੜੇ ਸੀ? ਬੱਚਿਆਂ ਨੂੰ ਉਹਨਾਂ ਦੇ ਅਨੁਮਾਨਾਂ ਦੇ ਆਧਾਰ 'ਤੇ ਤਰਕ ਕਰਨ ਦਿਓ।





## ਗਣੋ ਅਤੇ ਲਿਖੋ

A. ਗਿਣੋ ਅਤੇ ਜਵਾਬ ਲਿਖੋ।





B. ਦਿੱਤੀ ਗਈ ਸੰਖਿਆਂ ਨੂੰ ਦਰਸਾਉਣ ਲਈ ਦਸ ਦੇ ਖਾਨਿਆਂ ਵਿੱਚ ਰੰਗ ਭਰੋ।

**14**

**19**

**16**

C. ਸੰਖਿਆਵਾਂ ਨੂੰ ਕ੍ਰਮ ਵਿੱਚ ਲਿਖੋ।

| | | | |
|---|---|---|---|
| 1 | | 3 | |
| 8 | | 6 | |
| 9 | | | 12 |
| | 15 | | |
| | | | 20 |

© NCERT not to be republished

D. ਤਸਵੀਰਾਂ ਵਿੱਚ ਦਸ ਦੇ ਸਮੂਹ 'ਤੇ ਗੋਲ਼ਾ ਲਗਾਓ ਅਤੇ ਸੰਖਿਆ ਨਾਲ਼ ਮਿਲਾਣ ਕਰੋ।

| | |
|---|---|
|  | 17 |
|  | 16 |
|  | 20 |
|  | 10 |

E. ਦੋਸਤਾਂ ਦੇ ਇੱਕ ਸਮੂਹ ਨੇ ਖੇਡਦੇ ਹੋਏ ਕੁਝ ਟਾਵਰ ਬਣਾਏ।



i. ਸਭ ਤੋਂ ਉੱਚੇ ਟਾਵਰ'ਤੇ ਸਹੀ ✓ ਦਾ ਨਿਸ਼ਾਨ ਲਗਾਓ।

ii. ਕਿਹੜੇ ਟਾਵਰ ਨੇ ਸਭ ਤੋਂ ਵੱਧ ਡੱਬਿਆਂ ਦੀ ਵਰਤੋਂ ਕੀਤੀ? ਇਸ ਵਿੱਚ ਵਰਤੇ ਗਏ ਡੱਬਿਆਂ ਦੀ ਗਿਣਤੀ ਲਿਖੋ।

iii. ਕਿਹੜੇ ਟਾਵਰ ਨੇ ਸਭ ਤੋਂ ਘੱਟ ਡੱਬਿਆਂ ਦੀ ਵਰਤੋਂ ਕੀਤੀ ? ਇਸ ਵਿੱਚ ਵਰਤੇ ਗਏ ਡੱਬਿਆਂ ਦੀ ਗਿਣਤੀ ਲਿਖੋ।

© NCERT not to be republished



## ਆਓ ਕਰੀਏ

A. ਸਭ ਤੋਂ ਛੋਟੀ ਸੰਖਿਆ 'ਤੇ ਗੋਲ਼ਾ ਲਗਾਓ।

i. 8, 12, 6 ii. 14, 11, 19

B. ਸਭ ਤੋਂ ਵੱਡੀ ਸੰਖਿਆ 'ਤੇ ਗੋਲ਼ਾ ਲਗਾਓ।

i. 16, 19, 11 ii. 11, 17, 9

C. ਪੰਜੇ ਦੇ ਹੇਠਾਂ ਲੁਕੀਆਂ ਸੰਖਿਆਵਾਂ ਨੂੰ ਲੱਭੋ।

| | |
|---|---|
| i. | ___, 15, 16, ___, 18 |
| ii. | ___, 12, ___, 14, 15 |
| iii. | 15, ___, ___, ___, 19 |
| iv. | 13, ___, 15, ___, ___ |



D. ਸੰਖਿਆਵਾਂ ਨੂੰ ਸਭ ਤੋਂ ਵੱਡੀ ਸੰਖਿਆ ਤੋਂ ਸਭ ਤੋਂ ਛੋਟੀ ਸੰਖਿਆ ਤੋਂ ਦੇ ਕ੍ਰਮ ਵਿੱਚ ਲਿਖੋ।
11, 3, 16, 20, 13, 9

| | | | | | |
|---|---|---|---|---|---|
| | | | | | |

ਬੱਚਿਆਂ ਨੂੰ ਆਪਣੇ ਤਰੀਕੇ ਨਾਲ਼ ਇਹ ਫ਼ੈਸਲਾ ਕਰਨ ਦਓਿ ਕਿ ਕਹਿੜੀ ਸੰਖਿਆ ਵੱਡੀ ਹੈ ? ਉਹਨਾਂ ਨੂੰ ਪੁੱਛੋ ਕਿ ਉਹਨਾਂ ਨੇ ਅਜਹਿਾ ਫ਼ੈਸਲਾ ਕਉਿਂ ਕੀਤਾ ਹੈ ? ਬੱਚਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ 11 ਵਿੱਚ 4 ਜੋੜਨ ਨਾਲ਼ 15 ਬਣ ਜਾਂਦੇ ਹਨ । ਇਸ ਲਈ ਸੰਖਿਆ 15 ਸੰਖਿਆ 11 ਤੋਂ ਵੱਡੀ ਹੈ । ਇਸੇ ਤਰ੍ਹਾਂ 20 ਤੱਕ ਹੋਰ ਸੰਖਿਆਵਾਂ ਲਈ ਵੀ ਕਰੋ।



© NCERT not to be republished

E. ਆਓ ਗਿਣੀਏ ਅਤੇ ਲਿਖੀਏ।





i. ਡੱਬਿਆਂ ਦੀ ਗਿਣਤੀ ☐ ii. ਸਫ਼ੈਦ ਬਿੰਦੀਆਂ ਦੀ ਗਿਣਤੀ ☐

F. 1 ਤੋਂ 20 ਤੱਕ ਦੇ ਸੰਖਿਆ ਬਿੰਦੂਆਂ ਨੂੰ ਮਿਲਾਓ।




ਇਹ ਕੀ ਹੈ- ਜਾਨਵਰ ਜਾਂ ਪੰਛੀ?

☐



## ਪਰਯੋਜਨਾ ਕਾਰਜ

A. ਆਪਣੇ ਆਲ਼ੇ-ਦੁਆਲ਼ੇ ਤੋਂ ਉਹ ਚੀਜ਼ਾਂ ਲੱਭੋ ਜੋ 10 ਦੇ ਸਮੂਹ ਵੱਚਿ ਹਨ। ਉਦਾਹਰਨ ਲਈ, 10 ਦੇ ਸਮੂਹ ਵੱਚਿ ਬਾਂਦੀ ਵਾਲ਼ੇ ਬਾਂਦੀ ਦੇ ਪੱਤੇ।

B. ਬੱਚਿਆਂ ਨੂੰ ਆਪਣੇ 10 ਤੋਂ 20 ਤੱਕ ਦੇ ਸੰਖਿਆ ਕਾਰਡ ਬਣਾਉਣ ਲਈ ਕਹੋ। ਉਹ ਪੁਰਾਣੇ ਗੱਤੇ, ਰਹਿੰਦ-ਖੂੰਹਦ ਆਦਿ ਦੀ ਵਰਤੋਂ ਕਰ ਸਕਦੇ ਹਨ।

ਬੱਚਿਆਂ ਨੂੰ 10 ਤੋਂ ਵੱਧ ਵਸਤੂਆਂ ਦੀ ਗਣਿਤੀ ਕਰਦੇ ਹੋਏ 10 ਦੇ ਸਮੂਹ ਨੂੰ ਪਛਾਣਨ ਲਈ ਉਤਸ਼ਾਹਤਿ ਕਰੋ।



© NCERT not to be republished